ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸ਼ੁੱਕਰਵਾਰ, ਮਿਤੀ 24 ਜੂਨ, 2011 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ (ਮੱਦ ਨੰ: 1 ਤੋਂ 17 ਅਤੇ 19 ਤੋਂ 41)
2. ਡਾ. ਰਜਿੰਦਰਜੀਤ ਕੌਰ, (ਸਭਾਪਤੀ)
   ਡੀਨ, ਅਕਾਦਮਿਕ ਮਾਮਲੇ (ਕੇਵਲ ਮਦ ਨੰ: 18 ਵਾਸਤੇ)
3. ਡਾ. ਜੇ.ਐਸ. ਬੱਲ,
   ਡੀਨ, ਐਗਰੀਕਲਚਰਲ ਤੇ ਫੋਰੈਸਟਰੀ ਫੈਕਲਟੀ
4. ਡਾ. ਰਾਧਾ ਸ਼ਰਮਾ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ
5. ਡਾ. ਤੇਜਿੰਦਰ ਕੌਰ ਮਾਨ,
   ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ
6. ਮਿਸਿਜ਼ ਨਿਰਮਲ ਪਾਂਧੀ,
   ਪ੍ਰਿੰਸੀਪਲ, ਸ਼ਾਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾ ਨਗਰ
7. ਡਾ. ਐਸ.ਐਸ. ਜੌਹਲ, ਲੁਧਿਆਣਾ
8. ਡਾ. ਦਿਨੇਸ਼ ਸ਼ਰਮਾ,
   ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ
9. ਸ੍ਰੀ ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ.
10. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਸਿੰਡੀਕੇਟ ਦੇ ਮੈਂਬਰ ਡਾ. ਪਰਮਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਡਾ. ਐਸ.ਐਸ. ਜੌਹਲ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਡਾ. ਪਰਮਜੀਤ ਸਿੰਘ ਸਿੱਧੂ ਦੀ ਸਿੰਡੀਕੇਟ ਉੱਤੇ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਸਮੂਹ ਮੈਂਬਰ ਸਾਹਿਬਾਨ ਨੂੰ ਇੱਕਤਰਤਾ ਵਿਚ ਸ਼ਾਮਲ ਹੋਣ ਲਈ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਨ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 18.5.2011 ਦੀ ਕਾਰਵਾਈ ਦੀ ਪੁਸ਼ਟੀ ।

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 18.5.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 18.5.2011 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 18.5.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

ਵਿਤ ਕਮੇਟੀ ਦੀਆਂ ਮਿਤੀ 26.5.2011 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿਤ ਕਮੇਟੀ ਦੀਆਂ ਮਿਤੀ 26.5.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸਬੰਧਤ ਅਧਿਆਪਕਾਂ ਨੂੰ ਕਾਨਫਰੰਸ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਹਰੇਕ ਅੱਗੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|
| 1. ਡਾ. ਬਲਵਿੰਦਰ ਸਿੰਘ ਰੰਧਾਵਾ, ਪ੍ਰੋਫੈਸਰ, ਕੈਮਿਸਟਰੀ ਵਿਭਾਗ | International Symposium on "Advanced Complex Inorganic Materials (ACIN2011)" to be held in Namur, Belgium from 11th to 14th September, 2011. |
| 2. ਡਾ. ਗੁਰਚਰਨ ਕੌਰ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ | "9th World Congress on Neurohypophysial Hormones Boston" to be held in University of Massachusetts, Amherst, USA, from 27th to 30th July, 2011. |
| 3. ਡਾ. ਹਰਮੀਨ ਕੌਰ ਸੋਚ, ਸੀਨੀਅਰ ਲੈਕਚਰਾਰ, ਕਮਰਸ ਅਤੇ ਬਿਜਨੈਸ ਮੈਨੇਜਮੈਂਟ ਵਿਭਾਗ | International Conference on "2011 INFORMS Marketing Science Conference in Housten, Texas" to be held in USA from 9th to 11th June, 2011. |

ਡਾ. ਜੋਗਿੰਦਰ ਸਿੰਘ, ਪ੍ਰੋਫੈਸਰ (ਰਿਟਾ.), ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੀ ਨਿਯੁਕਤੀ ਵਿਚ ਵਾਧਾ।

5. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਜੋਗਿੰਦਰ ਸਿੰਘ, ਪ੍ਰੋਫੈਸਰ (ਰਿਟਾ.), ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਜਿਨ੍ਹਾਂ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 29.7.2011 ਤੱਕ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 30.7.2011 ਤੋਂ ਸਰਕਾਰ ਦੁਆਰਾ ਗ੍ਰਾਂਟ ਪ੍ਰਾਪਤ ਹੋਣ ਦੀ ਸ਼ਰਤ 'ਤੇ ਇਕ ਸਾਲ ਦਾ ਵਾਧਾ ਕੀਤਾ ਜਾਂਦਾ ਹੈ।

ਸ. ਮਨਮੋਹਨ ਸਿੰਘ ਢਿੱਲੋਂ, ਸਹਾਇਕ ਸੂਚਨਾ ਅਫਸਰ (ਰਿਟਾ.) ਦੀ ਨਿਯੁਕਤੀ।

6. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਮਨਮੋਹਨ ਸਿੰਘ ਢਿੱਲੋਂ, ਸਹਾਇਕ ਸੂਚਨਾ ਅਫਸਰ (ਰਿਟਾ.), ਲੋਕ ਸੰਪਰਕ ਵਿਭਾਗ ਨੂੰ 10000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ 6 ਮਹੀਨੇ ਲਈ ਸਹਾਇਕ ਸੂਚਨਾ ਅਫਸਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

ਡਾ. ਐਚ.ਐਸ. ਚੋਪੜਾ, ਲਾਇਬ੍ਰੇਰੀਅਨ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧਾ।

7. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਐਚ.ਐਸ. ਚੋਪੜਾ, ਲਾਇਬ੍ਰੇਰੀਅਨ, ਭਾਈ ਗੁਰਦਾਸ ਲਾਇਬ੍ਰੇਰੀ, ਜਿਨ੍ਹਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ 21.8.2011 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਇਕ ਸਾਲ ਦਾ ਵਾਧਾ ਕੀਤਾ ਜਾਂਦਾ ਹੈ।

ਯੁਵਕ ਭਲਾਈ ਵਿਭਾਗ ਦਾ ਨਕਾਰਾ ਅਤੇ ਨਾ-ਮੁਰੰਮਤ ਯੋਗ ਸਮਾਨ ਵੱਟੇ ਖਾਤੇ ਪਾਉਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੁਵਕ ਭਲਾਈ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 48,496/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 27.4.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਵਾਪਸ ਲਈ ਗਈ ਮੱਦ।

9. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਸਹਾਇਕ ਰਜਿਸਟਰਾਰ ਦੀਆਂ 25% ਅਸਾਮੀਆਂ ਸਿੱਧੀ ਭਰਤੀ ਰਾਹੀਂ ਭਰਨ ਲਈ ਵਿਦਿਅਕ ਯੋਗਤਾਵਾਂ ਅਤੇ ਤਜਰਬਾ ਸ਼ਰਤਾਂ ਨਿਰਧਾਰਤ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 16.8.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਉੱਤੇ ਵਿਚਾਰ ਕਰਨੀ।"

ਸਾਲ 2011-12 ਲਈ ਵੱਖ-ਵੱਖ ਕੋਰਸਾਂ ਵਿਚ ਦਾਖਲੇ ਸਬੰਧੀ ਕਸ਼ਮੀਰੀ ਮਾਈਗਰੈਂਟਸ ਨੂੰ ਸਹੂਲਤਾਂ ਦੀ ਪੁਸ਼ਟੀ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਕਸ਼ਮੀਰੀ ਮਾਈਗਰੈਂਟਸ ਨੂੰ ਵੱਖ-ਵੱਖ ਕੋਰਸਾਂ ਵਿਚ ਦਾਖਲੇ ਲਈ ਸਹੂਲਤਾਂ ਪਰਦਾਨ ਕਰਨ ਸਬੰਧੀ ਭਾਰਤ ਸਰਕਾਰ ਦੇ ਹਿਊਮਨ ਰਿਸੋਰਸ ਡਿਵੈਲਪਮੈਂਟ ਮੰਤਰਾਲੇ ਦੇ ਪੱਤਰ ਨੰ: F.10-1/10-Desk(U) ਮਿਤੀ 2.2.2011 (**ਅੰਤਿਕਾ ਅਨੁਸਾਰ**) ਨੂੰ ਲਾਗੂ ਕਰਨ ਹਿਤ ਸਿੰਡੀਕੇਟ ਦੀ ਇੱਕਤਰਤਾ ਮਿਤੀ 23.4.2008 ਦੇ ਪੈਰਾ 17 ਰਾਹੀਂ ਸੈਸ਼ਨ 2008-09 ਲਈ ਪਰਵਾਨ ਹੋਏ ਹੇਠ ਲਿਖੇ Criteria ਨੂੰ ਸੈਸ਼ਨ 2011-12 ਲਈ ਅਪਨਾਉਣ ਦੀ ਆਗਿਆ ਦਿੱਤੀ ਹੈ:-

1. In those technical/professional departments at GNDU Campus and its Regional campuses at Jalandhar and Gurdaspur where there is only one application, admission

may be granted if the candidate fulfills all the requirements and qualifications.

2. In case there is more than one candidate, the admission may be granted on the basis of marks obtained in the qualifying examination as per rules of the University.

ਟੈਂਡਰ ਕਮੇਟੀ ਦਾ ਗਠਨ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 1.7.2011 ਤੋਂ 30.6.2012 ਤੱਕ, ਇਕ ਸਾਲ ਲਈ ਟੈਂਡਰ ਕਮੇਟੀ ਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ ਐਜੂਕੇਸ਼ਨ, ਜਲੰਧਰ ਨੂੰ ਪੱਕੀ ਸਬੰਧਤਾ ਦੀ ਪਰਵਾਨਗੀ।

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ ਐਜੂਕੇਸ਼ਨ, ਜਲੰਧਰ ਨੂੰ ਪੱਕੀ ਸਬੰਧਤਾ ਦੇਣ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀ ਦੀਆਂ ਮਿਤੀ 2.5.2011 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਬੀ.ਟੈਕ. (ECE & ECSE) 5ਵੇਂ ਸਮੈਸਟਰ ਦਾ ਸਿਲੇਬਸ replace ਕਰਨ ਅਤੇ 6ਵੇਂ ਸਮੈਸਟਰ ਦਾ ਨਵਾਂ ਸਲੇਬਸ ਸੈਸ਼ਨ 2012-13 ਤੋਂ ਲਾਗੂ ਕਰਨ ਦੀ ਪਰਵਾਨਗੀ।

13. ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਦੇ ਬੋਰਡ ਆਫ ਕੰਟਰੋਲ ਦੀ ਇੱਕਤਰਤਾ ਮਿਤੀ 1.6.2011 ਦੇ ਨਿਰਣੇ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 25.1.2011 ਦੇ ਪੈਰਾ 57 ਰਾਹੀਂ ਬੀ.ਟੈਕ. (ECE & ECSE) 5ਵੇਂ ਸਮੈਸਟਰ ਦੇ ਸਲੇਬਸ ਵਿਚੋਂ Human Resource Management ਦੇ ਸਿਲੇਬਸ ਦੀ ਥਾਂ ਤੇ Entrepreneurship Skills for Engineers ਦਾ ਸਲੇਬਸ replace ਅਤੇ ਬੀ.ਟੈਕ.(ECE & ECSE) 6ਵੇਂ ਸਮੈਸਟਰ ਵਿਚ Communication Skills ਦਾ ਨਵਾਂ ਸਲੇਬਸ ਜੋੜਨ ਸਬੰਧੀ ਲਿਆ ਨਿਰਣਾ ਸੈਸ਼ਨ 2011-12 ਤੋਂ ਲਾਗੂ ਕਰਨ ਦੀ ਬਜਾਏ ਸੈਸ਼ਨ 2012-13 ਤੋਂ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿਉਂਜੋ ਉਕਤ ਕੋਰਸ ਦੇ ਸਲੇਬਸ ਦਾ revision ਚੱਲ ਰਿਹਾ ਹੈ ਅਤੇ ਇਸ ਵਿਚ ਕਈ ਕੋਰਸਾਂ ਨੂੰ ਨਵੇਂ ਸਿਰੇ ਤੋਂ ਸ਼ਾਮਲ ਕੀਤਾ ਜਾਣਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦਾ ਨਕਾਰਾ ਅਤੇ ਨਾ-ਮੁਰੰਮਤ ਯੋਗ ਸਮਾਨ ਵੱਟੇ ਖਾਤੇ ਪਾਉਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 67815.80/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 130-131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

+2 ਪ੍ਰੀਖਿਆਂ ਵਿਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਵਿਚ ਦਾਖਲੇ ਦੀ ਪੁਸ਼ਟੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ +2 ਦੀ ਪ੍ਰੀਖਿਆ ਵਿਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਸੈਸ਼ਨ 2011-12 ਲਈ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਚ ਚੱਲ ਰਹੇ ਸਾਰੇ ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਵਿਚ ਇਸ ਸ਼ਰਤ 'ਤੇ ਦਾਖਲਾ ਦੇਣ ਦੀ ਪਰਵਾਨਗੀ ਦਿੱਤੀ ਹੈ ਕਿ ਉਹ ਆਪਣੀ ਕੰਪਾਰਟਮੈਂਟ ਵਿਸ਼ੇ ਦੀ ਪ੍ਰੀਖਿਆ ਦਸੰਬਰ, 2011 ਤੱਕ ਕਲੀਅਰ ਕਰਨਗੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

ਐਡ ਆਨ ਕੋਰਸਾਂ ਦੇ ਅਧਿਆਦੇਸ਼ਾਂ ਦੀ ਪੁਸ਼ਟੀ ਅਤੇ ਅਧਿਆਦੇਸ਼ਾਂ ਵਿਚ ਸੋਧ।

16. (ੳ) ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਐਡ ਆਨ ਕੋਰਸਾਂ ਦੇ ਅਧਿਆਦੇਸ਼ਾਂ (**ਅੰਤਿਕਾ** ਅਨਸੁਾਰ) ਨੂੰ ਸਾਲ 2005 ਤੋਂ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਹੈ।

(ਅ) ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਡ ਆਨ ਕੋਰਸਾਂ ਦੇ ਅਧਿਆਦੇਸ਼ਾਂ ਵਿਚ **ਅੰਤਿਕਾ** ਅਨੁਸਾਰ ਸੋਧ ਪਰਵਾਨ ਕੀਤੀ ਜਾਂਦੀ ਹੈ।

Checking of Detailed Marks Cards and Proof Reading of Result Gazettes ਕਰਨ ਦੇ ਇਵਜ਼ ਵਿੱਚ ਕਰਮਚਾਰੀਆਂ ਨੂੰ ਅਦਾਇਗੀ ਕਰਨ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਇੱਕਤਰਤਾ ਮਿਤੀ 28.3.1995 ਦੇ ਪੈਰਾ 49 ਰਾਹੀਂ Checking of Detailed Marks Cards and Proof Reading of Result Gazettes ਕਰਨ ਦੇ ਇਵਜ਼ ਵਿੱਚ ਕਰਮਚਾਰੀਆਂ ਨੂੰ ਅਦਾਇਗੀ ਕਰਨ ਬਾਰੇ ਲਏ ਗਏ ਫੈਸਲੇ ਤੇ ਮੁੜ ਵਿਚਾਰ ਕਰਨ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 3.6.2011 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਸ੍ਰੀਮਤੀ ਨਰਿੰਦਰ ਕੌਰ, ਰਿਸਟੋਰਰ ਲਾਇਬ੍ਰੇਰੀ (ਬਰਖਾਸਤ (dismissed)) ਦੀ ਅਪੀਲ ਦੀ ਅਪਰਵਾਨਗੀ ਅਤੇ Speaking Order ਪਾਸ ਕਰਨ ਸਬੰਧੀ।

18. ਮਦ ਨੰ: 18 ਤੇ ਵਿਚਾਰ ਸਮੇਂ ਵਾਈਸ-ਚਾਂਸਲਰ ਸਾਹਿਬ ਨੇ ਇੱਕਤਰਤਾ ਵਿਚ ਭਾਗ ਨਹੀਂ ਲਿਆ ਅਤੇ ਉਹ ਇੱਕਤਰਤਾ ਵਿਚੋਂ ਬਾਹਰ ਚਲੇ ਗਏ। ਇਸ ਮੱਦ ਤੇ ਵਿਚਾਰ ਸਮੇਂ ਡੀਨ, ਅਕਾਦਮਿਕ ਮਾਮਲੇ ਜੀ ਨੇ ਇੱਕਤਰਤਾ ਦੀ ਪਰਧਾਨਗੀ ਕੀਤੀ।

I) ਸ੍ਰੀਮਤੀ ਨਰਿਦਰ ਕੌਰ, ਰਿਸਟੋਰਰ, ਲਾਇਬ੍ਰੇਰੀ (ਬਰਖਾਸਤ (dismissed)) ਵੱਲੋਂ ਇਸ ਯੂਨੀਵਰਸਿਟੀ ਵਿਖੇ ਨੌਕਰੀ ਤੇ ਲੱਗਣ ਸਮੇਂ ਮੈਟ੍ਰਿਕ ਦਾ ਜਾਅਲੀ (Fake and Fabricated) ਸਰਟੀਫਿਕੇਟ ਪੇਸ਼ ਕਰਕੇ ਆਪਣੀ ਜਨਮ ਮਿਤੀ ਵਿਚ ਤਬਦੀਲੀ ਕਰਕੇ ਪੰਜ ਸਾਲ ਉਮਰ ਘਟਾਉਣ ਅਤੇ ਨੰਬਰ ਵਧਾਉਣ ਸਬੰਧੀ ਪੁੱਜੀ ਸ਼ਿਕਾਇਤ ਕਾਰਣ ਉਸ ਨੂੰ ਜਾਰੀ ਚਾਰਜਸ਼ੀਟ ਮਿਤੀ 29.4.2010 (**ਅੰਤਿਕਾ-I**) ਸ੍ਰੀ ਜੀ.ਐਸ. ਖੁਰਾਣਾ, ਡਿਸਟ੍ਰਿਕਟ ਅਤੇ ਸੈਸ਼ਨ ਜੱਜ (ਰਿਟਾ.) ਵੱਲੋਂ ਕੀਤੀ full dress Enquiry Report ਮਿਤੀ 29.10.2010 (**ਅੰਤਿਕਾ-II**), ਜਾਰੀ ਕੀਤਾ ਗਿਆ 'ਕਾਰਣ ਦੱਸੋ ਨੋਟਿਸ' ਮਿਤੀ 25.11.2010 (**ਅੰਤਿਕਾ-III)** ਅਤੇ ਵਾਈਸ-ਚਾਂਸਲਰ ਸਾਹਿਬ ਦੇ

Speaking order ਮਿਤੀ 10.2.2011 (**ਅੰਤਿਕਾ -IV)** ਅਨੁਸਾਰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਉੱਤੇ ਸਟੈਚਿਊਟ 33(i)(f) ਅਧੀਨ ਸ੍ਰੀਮਤੀ ਨਰਿੰਦਰ ਕੌਰ, ਰਿਸਟੋਰਰ ਲਾਇਬ੍ਰੇਰੀ ਨੂੰ ਯੂਨੀਵਰਸਿਟੀ ਸੇਵਾ ਤੋਂ ਬਰਖਾਸਤ (dissmiss) ਕਰਨ ਉਪਰੰਤ, ਉਸਨੂੰ ਯੂਨੀਵਰਸਿਟੀ ਕੈਂਪਸ ਤੋਂ ਰਿਹਾਇਸ਼ੀ ਕੁਆਟਰ ਖਾਲੀ ਕਰਨ ਲਈ ਕਿਹਾ ਗਿਆ ਸੀ, ਪ੍ਰੰਤੂ ਉਸ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਦਾਖਲ CWP No. 4184 of 2011 (O&M) Narinder Kaur Vs. GNDU& Anr. ਮਿਤੀ 9.3.2011 ਰਾਹੀਂ ਹੋਏ ਆਦੇਸ਼ਾਂ (**ਅੰਤਿਕਾ-V**) ਦੇ ਆਧਾਰ ਤੇ ਉਸ ਵੱਲੋਂ ਕੀਤੀ ਅਪੀਲ (**ਅੰਤਿਕਾ-VI**) ਉੱਤੇ ਵਿਚਾਰ ਹੋਈ।

(II) ਸ੍ਰੀਮਤੀ ਨਰਿੰਦਰ ਕੌਰ, ਰਿਸਟੋਰਰ, ਲਾਇਬ੍ਰੇਰੀ (ਬਰਖਾਸਤ (dissmissed)) ਨੂੰ ਨਿੱਜੀ ਤੌਰ ਤੇ ਸਿੰਡੀਕੇਟ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦੇਣ ਉਪਰੰਤ ਸਿੰਡੀਕੇਟ ਵੱਲੋਂ Speaking Order ਪਾਸ ਕਰਨ ਤੇ ਵਿਚਾਰ ਹੋਈ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਸ੍ਰੀਮਤੀ ਨਰਿੰਦਰ ਕੌਰ, ਰਿਸਟੋਰਰ, ਲਾਇਬ੍ਰੇਰੀ ਵਿਰੁੱਧ ਸ਼ਿਕਾਇਤ ਦੇ ਆਧਾਰ ਤੇ ਕੇਸ ਦੀ ਮੁਕੰਮਲ ਪੜਤਾਲ ਸ੍ਰੀ ਜੀ.ਐਸ. ਖੁਰਾਣਾ, ਡਿਸਟ੍ਰਿਕਟ ਅਤੇ ਸੈਸ਼ਨ ਜੱਜ (ਰਿਟਾ.) ਪਾਸੋਂ ਕਰਵਾਈ ਗਈ। ਪੜਤਾਲੀਆ ਅਫਸਰ ਦੀਆਂ Findings ਹੇਠ ਲਿਖੇ ਅਨੁਸਾਰ ਹਨ:-

"In the ultimate result, I hold that the delinquent has admitted that the certificate, copy of which is Ex C/11 is the correct certificate whereby she passed matriculation in March, 1974 in Third Division and her date of birth is 2.2.57. I further conclude that she made use of a false and fabricated matriculation certificate and thereby committed acts of cheating and fraud against the University by showing her date of birth as 2.12.63 and year of passing matriculation 1978."

ਸ੍ਰੀਮਤੀ ਨਰਿੰਦਰ ਕੌਰ, ਰਿਸਟੋਰਰ, ਲਾਇਬ੍ਰੇਰੀ (ਬਰਖਾਸਤ (dissmissed)) ਨੂੰ ਪੱਤਰ ਨੰ: 9912/ਅਮਲਾ ਮਿਤੀ 10.6.2011 ਅਤੇ 10795/ਅਮਲਾ ਮਿਤੀ 24.6.2011 ਰਾਹੀਂ ਸਿੰਡੀਕੇਟ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਲਈ ਸੂਚਿਤ ਕੀਤਾ ਗਿਆ, ਪ੍ਰੰਤੂ ਉਹ ਸਿੰਡੀਕੇਟ ਸਾਹਮਣੇ ਪੇਸ਼ ਨਹੀਂ ਹੋਈ। ਉਸ ਵੱਲੋਂ ਸਿੰਡੀਕੇਟ ਨੂੰ representation ਪੇਸ਼ ਕੀਤੀ ਗਈ, ਜੋ ਰਜਿਸਟਰਾਰ ਸਾਹਿਬ ਵੱਲੋਂ ਸਮੂਹ ਮੈਂਬਰ ਸਾਹਿਬਾਨ ਨੂੰ ਪੜ ਕੇ ਸੁਣਾਈ ਗਈ।

ਕੇਸ ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

**ਪਾਸ ਹੋਇਆ** ਕਿ- I) ਸ੍ਰੀਮਤੀ ਨਰਿਦਰ ਕੌਰ, ਰਿਸਟੋਰਰ, ਲਾਇਬ੍ਰੇਰੀ (ਬਰਖਾਸਤ (dismissed)) ਵੱਲੋਂ ਇਸ ਯੂਨੀਵਰਸਿਟੀ ਵਿਖੇ ਨੌਕਰੀ ਤੇ ਲੱਗਣ ਸਮੇਂ ਮੈਟ੍ਰਿਕ ਦਾ ਜਾਅਲੀ (Fake and Fabricated) ਸਰਟੀਫਿਕੇਟ ਪੇਸ਼ ਕਰਕੇ ਆਪਣੀ ਜਨਮ ਮਿਤੀ ਵਿਚ ਤਬਦੀਲੀ ਕਰਕੇ ਪੰਜ ਸਾਲ ਉਮਰ ਘਟਾਉਣ ਅਤੇ ਨੰਬਰ ਵਧਾਉਣ ਸਬੰਧੀ ਪੁੱਜੀ ਸ਼ਿਕਾਇਤ ਕਾਰਣ ਉਸ ਨੂੰ ਜਾਰੀ ਚਾਰਜਸ਼ੀਟ ਮਿਤੀ 29.4.2010 (**ਅੰਤਿਕਾ-I**) ਸ੍ਰੀ ਜੀ.ਐਸ. ਖੁਰਾਣਾ, ਡਿਸਟ੍ਰਿਕਟ ਅਤੇ ਸੈਸ਼ਨ ਜੱਜ (ਰਿਟਾ.) ਵੱਲੋਂ ਕੀਤੀ full dress Enquiry Report ਮਿਤੀ 29.10.2010 (**ਅੰਤਿਕਾ-II**), ਜਾਰੀ ਕੀਤਾ ਗਿਆ 'ਕਾਰਣ ਦੱਸੋ ਨੋਟਿਸ' ਮਿਤੀ 25.11.2010 (**ਅੰਤਿਕਾ-III)** ਅਤੇ ਵਾਈਸ-ਚਾਂਸਲਰ ਸਾਹਿਬ ਦੇ Speaking order ਮਿਤੀ

10.2.2011 (**ਅੰਤਿਕਾ -IV)** ਅਨੁਸਾਰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਉੱਤੇ ਸਟੈਚਿਊਟ 33(i)(f) ਅਧੀਨ ਸ੍ਰੀਮਤੀ ਨਰਿੰਦਰ ਕੌਰ, ਰਿਸਟੋਰਰ ਲਾਇਬ੍ਰੇਰੀ ਨੂੰ ਯੂਨੀਵਰਸਿਟੀ ਸੇਵਾ ਤੋਂ ਬਰਖਾਸਤ (dissmiss) ਕਰਨ ਉਪਰੰਤ, ਉਸਨੂੰ ਯੂਨੀਵਰਸਿਟੀ ਕੈਂਪਸ ਤੋਂ ਰਿਹਾਇਸ਼ੀ ਕੁਆਟਰ ਖਾਲੀ ਕਰਨ ਲਈ ਕਿਹਾ ਗਿਆ ਸੀ, ਪ੍ਰੰਤੂ ਉਸ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਦਾਖਲ CWP No. 4184 of 2011 (O&M) Narinder Kaur Vs. GNDU& Anr. ਮਿਤੀ 9.3.2011 ਰਾਹੀਂ ਹੋਏ ਆਦੇਸ਼ਾਂ (**ਅੰਤਿਕਾ-V**) ਦੇ ਆਧਾਰ ਤੇ ਉਸ ਵੱਲੋਂ ਕੀਤੀ ਅਪੀਲ (**ਅੰਤਿਕਾ-VI**) **ਅਪਰਵਾਨ** ਕੀਤੀ ਜਾਂਦੀ ਹੈ।

(II) ਸ੍ਰੀਮਤੀ ਨਰਿੰਦਰ ਕੌਰ, ਰਿਸਟੋਰਰ, ਲਾਇਬ੍ਰੇਰੀ (ਬਰਖਾਸਤ(dismissed)) ਵੱਲੋਂ ਕੀਤੀ ਅਪੀਲ, ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ, ਸਾਰਾ ਰਿਕਾਰਡ ਵਾਚਣ ਉਪਰੰਤ ਸਿੰਡੀਕੇਟ ਵੱਲੋਂ **ਅੰਤਿਕਾ-VII** ਅਨੁਸਾਰ Speaking Order ਪਾਸ ਕੀਤੇ ਜਾਂਦੇ ਹਨ।

**ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੇ Food Testing Lab ਅਤੇ Sugar Industry Testing Lab ਦੇ ਰੇਟਾਂ ਦੀ ਪਰਵਾਨਗੀ।**

19. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੋਰਡ ਆਫ ਕੰਟਰੋਲ ਦੀ ਇੱਕਤਰਤਾ ਮਿਤੀ 14.4.2011 ਦੀ ਮੱਦ ਨੰ: 2 ਅਧੀਨ ਕੀਤੀ ਸਿਫਾਰਸ਼ ਅਨੁਸਾਰ ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਵਿਖੇ Food Testing Lab ਅਤੇ Sugar Industry Testing Lab ਦੇ ਰੇਟਾਂ ਦੀ **ਅੰਤਿਕਾ** ਅਨੁਸਾਰ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

20. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | Oinam Arun Singh | Dosimetric and Radiobiological Evaluation of Radiotherapy Treatment Plans. | ਫਿਜਿਕਸ- ਸਾਇੰਸਜ਼ ਫੈਕਲਟੀ |
| 2. | ਗੁਰਪ੍ਰੀਤ ਸਿੰਘ | Transport Properties of Thermal Plasmas and Electronically Excited States. | - ਉਹੀ - |
| 3. | ਉਪੇਂਦਰ ਕੁਮਾਰ ਸ਼ਰਮਾ | Chemical Investigation of Some Biologically Active Natural and Non-Natural Phenolics ($C_6$-$C_1$ to $C_6$-$C_3$) Employing Green Methodologies. | ਕੈਮਿਸਟਰੀ- ਸਾਇੰਸਜ਼ ਫੈਕਲਟੀ |
| 4. | ਪ੍ਰਤਿਭਾ ਵਿਆਸ | Selection and Diversity Analysis of Plant Growth Promoting Rhizobacteria from the cold Desert of Lahaul and Spiti. | ਮਾਈਕ੍ਰੋਬਿਆਲੋਜੀ- ਲਾਈਫ ਸਾਇੰਸਜ਼ ਫੈਕਲਟੀ |
| 5. | ਸ਼ੁਭਪ੍ਰੀਤ ਕੌਰ | Diversification in Banking Sector in India- Determinants and Effect on Financial Performance. | ਕਮਰਸ- ਇਕਨਾਮਿਕਸ ਤੇ ਬਿਜਨੈਸ ਫੈਕਲਟੀ |
| 6. | ਰਮਨਦੀਪ ਕੌਰ | Role of Women in Agriculture Sector of Punjab. | ਬਿਜ਼ਨੈਸ ਐਡਮਨਿਸਟ੍ਰੇਸ਼ਨ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ |

| | | | |
|---|---|---|---|
| 7. | ਅਨੂਪ ਕੁਮਾਰ | The Dialogics of Social Discord in Mulk Raj Anand's Novels. | ਅੰਗਰੇਜੀ- ਲੈਂਗੁਏਜ਼ਿਜ ਫੈਕਲਟੀ |
| 8. | ਚਰਨਜੀਵ ਸਿੰਘ ਬੱਲ | Transdermal Iontophoretic Delivery of Theophylline and Tolbutamide | ਫਾਰਮਾਸਿਊਟੀਕਲ ਸਾਇੰਸਜ਼- ਅਪਲਾਈਡ ਸਾਇੰਸਜ਼ ਫੈਕਲਟੀ |

**ਵਾਈਸ-ਚਾਂਸਲਰ ਸਾਹਿਬ ਦਾ ਬਿਆਨ।**

21. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

1. ਯੂਨੀਵਰਸਿਟੀ ਨੂੰ ਭਾਰਤ ਸਰਕਾਰ ਦੇ Department of Science & Technology ਵੱਲੋਂ ਸਾਲ 2011-14 ਲਈ PURSE Programme ਅਧੀਨ ਖੋਜ ਕਾਰਜਾਂ ਨੂੰ ਵਧੇਰੇ ਉਤਸ਼ਾਹਿਤ ਕਰਨ ਅਤੇ ਸਾਜੋ ਸਾਮਾਨ ਖ੍ਰੀਦਣ ਲਈ 9.00 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਯੂਨੀਵਰਸਿਟੀ ਨੇ Scientific Research ਦੇ ਖੇਤਰ ਵਿਚ ਭਾਰਤ ਦੀਆਂ ਯੂਨੀਵਰਸਿਟੀਆਂ ਵਿਚੋਂ ਅਠਵਾਂ ਸਥਾਨ ਹਾਸਲ ਕੀਤਾ ਹੈ।

2. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਮਈ 2011 ਤੋਂ ਬਾਅਦ ਹੁਣ ਤੱਕ ਬੈਚ 2011 ਦੇ 19 ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਦੁਆਰਾ ਰੋਜਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਵਰਨਣਯੋਗ ਹੈ ਕਿ ਹੁਣ ਤੱਕ ਬੈਚ 2011 ਦੇ ਕੁੱਲ 683 ਵਿਦਿਆਰਥੀਆਂ ਦੀ ਦੇਸ਼ ਦੀਆਂ ਨੈਸ਼ਨਲ ਅਤੇ ਮਲਟੀਨੈਸ਼ਨਲ ਕੰਪਨੀਆਂ ਵਿਚ ਪਲੇਸਮੈਂਟ ਹੋ ਚੁੱਕੀ ਹੈ।

3. ਪੰਜਾਬ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ ਡਾ. ਅਮਰਜੀਤ ਸਿੰਘ ਸੇਠੀ ਨੂੰ ਇੰਡੀਅਨ ਐਸੋਸੀਏਸ਼ਨ ਫਾਰ ਰਿਸਰਚ ਇਨ ਨੈਸ਼ਨਲ ਇਨਕਮ ਐਂਡ ਵੈਲਥ ਦੀ ਕਾਰਜਕਾਰਨੀ ਵਿਚ ਦੋ ਸਾਲਾਂ ਲਈ ਬਤੌਰ ਐਗਜੀਕਿਊਟਿਵ ਮੈਂਬਰ ਨਿਯੁਕਤ ਕੀਤਾ ਗਿਆ ਹੈ।

4. ਯੂਨੀਵਰਸਿਟੀ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਮੁਖੀ ਡਾ. ਪ੍ਰਤਾਪ ਕੁਮਾਰ ਪਾਤੀ ਨੂੰ ਫਾਰਨ ਫੁਲਬਰਾਈਟ ਸਕਾਲਰਸ਼ਿਪ ਬੋਰਡ, ਵਾਸ਼ਿੰਗਟਨ, ਯੂ.ਐਸ.ਏ. ਵੱਲੋਂ ਫੁਲਬਰਾਈਟ-ਨਹਿਰੂ ਸੀਨੀਅਰ ਰਿਸਰਚ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਹੈ, ਜਿਸ ਨੂੰ ਅਮਰੀਕਾ ਦੀ ਬਿਊਰੋ ਆਫ ਐਜੂਕੇਸ਼ਨ ਐਂਡ ਕਲਚਰਲ ਅਫੇਅਰਜ ਅਤੇ ਭਾਰਤ ਸਰਕਾਰ ਵੱਲੋਂ ਮਾਨਤਾ ਹਾਸਲ ਹੈ। ਇਹ ਅੰਤਰ-ਰਾਸ਼ਟਰੀ ਫੈਲੋਸ਼ਿਪ ਉਨ੍ਹਾਂ ਨੂੰ ਅਮਰੀਕਾ ਦੀ ਯੂਨੀਵਰਸਿਟੀ ਆਫ ਕੈਨਟਕੀ ਦੇ ਬਾਗਬਾਨੀ ਵਿਭਾਗ ਦੇ ਪ੍ਰੋਫੈਸਰ ਬਰੂਸ ਡੌਨੀ ਨਾਲ ਅੱਠ ਮਹੀਨਿਆਂ ਲਈ ਖੋਜ ਕਾਰਜ ਦੌਰਾਨ ਸਹਿਯੋਗ ਦੇਣ ਹਿਤ ਦਿੱਤੀ ਗਈ ਹੈ।

5. ਯੂਨੀਵਰਸਿਟੀ ਦੀ International Archer ਸੀਮਾ ਵਰਮਾ ਨੇ Antalya (Turkey) ਵਿਖੇ ਮਿਤੀ 6-12 ਜੂਨ, 2011 ਨੂੰ ਹੋਏ World Cup Archery Competition ਦੀ ਦੂਜੀ ਸਟੇਜ ਵਿਚ ਤੀਜੀ ਪੁਜੀਸ਼ਨ ਹਾਸਲ ਕੀਤੀ ਹੈ।

   **ਸਿੰਡੀਕੇਟ ਵੱਲੋਂ ਉਕਤ ਪ੍ਰਾਪਤੀ ਦੀ ਪ੍ਰਸ਼ੰਸਾ ਕੀਤੀ ਗਈ।**

6. ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਇਸ ਸਾਲ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਹੇਠ ਲਿਖੇ ਅਨੁਸਾਰ ਕੈਂਪ ਲਗਾਏ ਗਏ:-
   - (ੳ) ਲੜਕੀਆਂ ਦਾ ਮਿਤੀ 2 ਤੋਂ 8 ਮਈ, 2011 ਤੱਕ ਯੂਥ ਲੀਡਰਸ਼ਿਪ ਟਰੇਨਿੰਗ ਕੈਂਪ
   - (ਅ) ਲੜਕਿਆਂ ਦਾ ਮਿਤੀ 12 ਤੋਂ 18 ਮਈ, 2011 ਤੱਕ ਯੂਥ ਲੀਡਰਸ਼ਿਪ ਟਰੇਨਿੰਗ ਕੈਂਪ

(ੲ) ਲੜਕੀਆਂ ਦਾ ਮਿਤੀ 23 ਤੋਂ 29 ਮਈ, 2011 ਤੱਕ ਅਤੇ ਮਿਤੀ 4 ਤੋਂ 10 ਜੂਨ, 2011 ਤੱਕ ਹਾਈਕਿੰਗ ਟਰੈਕਿੰਗ ਕੈਂਪ

7. ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵੱਲੋਂ 4 ਮਈ 2011 ਤੋਂ 31 ਮਈ 2011 ਤੱਕ ਜਨਰਲ ਓਰੀਐਂਟੇਸ਼ਨ ਕੋਰਸ-85 ਲਗਾਇਆ ਗਿਆ ਜਿਸ ਵਿਚ ਕੁੱਲ 23 ਅਧਿਆਪਕਾਂ ਨੇ ਭਾਗ ਲਿਆ।
8. ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਵਿਚ ਇਸ ਅਕਾਦਮਿਕ ਵਰ੍ਹੇ ਵੀ ਵੱਖ-ਵੱਖ ਕੋਰਸਾਂ ਵਿਚ ਆਨ-ਲਾਈਨ ਦਾਖਲੇ ਕੀਤੇ ਜਾ ਰਹੇ ਹਨ। ਯੂਨੀਵਰਸਿਟੀ ਵੱਲੋਂ ਐਮ.ਬੀ.ਏ. ਅਤੇ ਐਮ.ਸੀ.ਏ. ਕੋਰਸਾਂ ਵਿਚ ਦਾਖਲੇ ਲਈ ਸਟੇਟ ਲੈਵਲ ਦਾ ਟੈਸਟ ਵੀ ਕਰਵਾਇਆ ਗਿਆ ਹੈ।

9. ਯੂ.ਜੀ.ਸੀ. ਦੀ ਦਸੰਬਰ 2010 ਵਿਚ ਹੋਈ ਨੈੱਟ (NET) ਪ੍ਰੀਖਿਆ ਵਿਚ ਪੰਜਾਬੀ ਅਧਿਐਨ ਸਕੂਲ ਦੇ 17 ਵਿਦਿਆਰਥੀਆਂ ਨੇ ਸਫਲਤਾ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿਚੋਂ 11 ਵਿਦਿਆਰਥੀਆਂ ਨੇ ਜੇ.ਆਰ.ਐਫ. (JRF) ਵੀ ਪ੍ਰਾਪਤ ਕੀਤੀ ਹੈ।

**ਸਿੰਡੀਕੇਟ ਵੱਲੋਂ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।**

ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਡਾ. ਬਰਿੰਦਰ ਕੌਰ ਦੀ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਵਿਖੇ ਐਡਹਾਕ ਪ੍ਰਿੰਸੀਪਲ ਵਜੋਂ ਨਿਯੁਕਤੀ।

23. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਬਰਿੰਦਰ ਕੌਰ, ਪ੍ਰਿੰਸੀਪਲ, ਜੀ.ਜੀ.ਐਸ. ਖਾਲਸਾ ਕਾਲਜ ਫਾਰ ਵੂਮੈਨ, ਲੁਧਿਆਣਾ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਵਿਖੇ 11 ਮਹੀਨੇ ਲਈ ਜਾਂ ਪ੍ਰਿੰਸੀਪਲ ਦੀ ਬਕਾਇਦਾ ਨਿਯੁਕਤੀ ਹੋਣ ਤੱਕ, ਜੋ ਵੀ ਪਹਿਲਾਂ ਹੋਵੇ, 55000/- ਰੁਪਏ ਮਹੀਨਾ ਬੱਝਵੀਂ ਤਨਖਾਹ ਉੱਤੇ, ਐਡਹਾਕ ਪ੍ਰਿੰਸੀਪਲ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

ਸ੍ਰੀ ਚੰਦਾ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ, ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਦੀ ਨਿਯੁਕਤੀ ਵਿਚ ਵਾਧਾ।

24. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਚੰਦਾ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ, ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਜਿਨ੍ਹਾਂ ਦੀ ਵਰਤਮਾਨ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 30.6.2011 ਤੱਕ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਛੇ ਮਹੀਨੇ ਲਈ ਜਾਂ ਪ੍ਰਿੰਸੀਪਲ ਦੇ ਜਾਇਨ ਕਰਨ ਦੀ ਮਿਤੀ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਜਾਂਦਾ ਹੈ।

ਕੰਟ੍ਰੈਕਟ ਆਧਾਰ ਤੇ ਨਿਯੁਕਤ ਅਧਿਆਪਕਾਂ ਦੀ ਨਿਯੁਕਤੀ ਲਈ ਨਿਰਣੇ ਵਿਚ ਸੋਧ।

25. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਵੱਖ-ਵੱਖ ਟੀਚਿੰਗ ਵਿਭਾਗਾਂ ਵਿਚ ਕੰਟ੍ਰੈਕਟ ਆਧਾਰ ਤੇ ਨਿਯੁਕਤ ਕੀਤੇ ਜਾਣ ਵਾਲੇ ਲੈਕਚਰਾਰਾਂ ਦੀ ਨਿਯੁਕਤੀ ਸਬੰਧੀ ਸਿੰਡੀਕੇਟ ਦੀ

ਇੱਕਤਰਤਾ ਮਿਤੀ 11.3.2011 ਦੇ ਪੈਰਾ 3(27) ਰਾਹੀਂ ਲਏ ਨਿਰਣੇ ਵਿਚ ਇਹ ਸੋਧ ਕੀਤੀ ਜਾਵੇ ਕਿ ਵਿਦਿਅਕ ਸੈਸ਼ਨ 2011-12 ਤੋਂ ਸਾਰੀਆਂ ਫੈਕਲਟੀਆਂ ਵਿਚ ਕੰਟ੍ਰੈਕਟ ਦੇ ਆਧਾਰ ਤੇ ਲੈਕਚਰਾਰਾਂ ਦੀਆਂ ਨਿਯੁਕਤੀਆਂ ਯੂ.ਜੀ.ਸੀ. ਦੀਆਂ ਯੋਗਤਾਵਾਂ ਅਨੁਸਾਰ ਹੀ ਕੀਤੀਆਂ ਜਾਣ ਅਤੇ ਨਿਯੁਕਤ ਕੀਤੇ ਜਾਣ ਵਾਲੇ ਅਧਿਆਪਕਾਂ ਨੂੰ ਇਕਸਾਰ 31320/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਦਿੱਤੀ ਜਾਵੇ। ਜੇਕਰ ਕੰਪਿਊਟਰ ਵਿਸ਼ੇ ਵਿਚ ਯੂ.ਜੀ.ਸੀ. ਦੀਆਂ ਯੋਗਤਾਵਾਂ ਵਾਲੇ ਉਮੀਦਵਾਰ ਉਪਲਬਧ ਨਹੀਂ ਹੋਣਗੇ ਤਾਂ ਐਮ.ਸੀ.ਏ. ਦੀ ਯੋਗਤਾ ਰੱਖਣ ਵਾਲੇ ਉਮੀਦਵਾਰਾਂ ਨੂੰ ਨਿਯੁਕਤ ਕੀਤਾ ਜਾਵੇ ਅਤੇ ਉਨ੍ਹਾਂ ਨੂੰ 25,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਦਿੱਤੀ ਜਾਵੇ। ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਵਿਖੇ ਕੰਟ੍ਰੈਕਟ ਆਧਾਰ ਤੇ ਨਿਯੁਕਤ ਕੀਤੇ ਵਾਲੇ ਲੈਕਚਰਾਰਾਂ ਨੂੰ ਤਨਖਾਹ ਬਜਟ ਵਿਚ ਪ੍ਰਵਾਨਤ ਅਸਾਮੀਆਂ ਅਨੁਸਾਰ ਹੀ ਦਿੱਤੀ ਜਾਵੇ।

ਟੈਗੋਰ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਵਿਖੇ ਉਣਤਾਈਆਂ ਬਾਰੇ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ।

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਟੈਗੋਰ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਗੁਰਦਾਸਪੁਰ ਦਾ ਸਪੈਸ਼ਲ ਨਿਰੀਖਣ ਕਰਨ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀ ਵੱਲੋਂ ਉਕਤ ਕਾਲਜ ਵਿਖੇ ਪਾਈਆਂ ਗਈਆਂ ਉਣਤਾਈਆਂ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦੇ ਹੋਏ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਲਿੱਲੀ ਸਵੋਰਡਜ਼ ਮੈਥੋਡਿਸਟ ਕਾਲਜ ਆਫ ਐਜੂਕੇਸ਼ਨ ਵਿਖੇ ਉਣਤਾਈਆਂ ਬਾਰੇ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ।

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਲਿੱਲੀ ਸਵੋਰਡਜ਼ ਮੈਥੋਡਿਸਟ ਕਾਲਜ ਆਫ ਐਜੂਕੇਸ਼ਨ, ਬਟਾਲਾ ਦਾ ਸਪੈਸ਼ਲ ਨਿਰੀਖਣ ਕਰਨ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀ ਵੱਲੋਂ ਉਕਤ ਕਾਲਜ ਵਿਖੇ ਪਾਈਆਂ ਗਈਆਂ ਉਣਤਾਈਆਂ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦੇ ਹੋਏ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਬਾਬਾ ਬੰਦਾ ਸਿੰਘ ਬਹਾਦੁਰ ਕਾਲਜ ਆਫ ਐਜੂਕੇਸ਼ਨ ਵਿਖੇ ਉਣਤਾਈਆਂ ਬਾਰੇ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ।

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਬਾਬਾ ਬੰਦਾ ਸਿੰਘ ਬਹਾਦੁਰ ਕਾਲਜ ਆਫ ਐਜੂਕੇਸ਼ਨ, ਧਾਰੀਵਾਲ ਦਾ ਸਪੈਸ਼ਲ ਨਿਰੀਖਣ ਕਰਨ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀ ਵੱਲੋਂ ਉਕਤ ਕਾਲਜ ਵਿਖੇ ਪਾਈਆਂ ਗਈਆਂ ਉਣਤਾਈਆਂ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦੇ ਹੋਏ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਮਾਤਾ ਗੁਜਰੀ ਮੈਮੋਰੀਅਲ ਕਾਲਜ ਆਫ ਐਜੂਕੇਸ਼ਨ, ਗੁਰਦਾਸਪੁਰ ਵਿਰੁੱਧ ਉਣਤਾਈਆਂ ਬਾਰੇ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ।

29. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਾਤਾ ਗੁਜਰੀ ਮੈਮੋਰੀਅਲ ਕਾਲਜ ਆਫ ਐਜੂਕੇਸ਼ਨ, ਗੁਰਦਾਸਪੁਰ ਦੇ ਸਪੈਸ਼ਲ ਨਿਰੀਖਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀ ਵੱਲੋਂ ਉਕਤ ਕਾਲਜ ਵਿਖੇ ਪਾਈਆਂ ਗਈਆਂ ਉਣਤਾਈਆਂ ਨੂੰ ਮੁੱਖ ਰੱਖਦੇ ਹੋਏ NCTE ਨੂੰ ਰਿਪੋਰਟ ਕਰਨ ਅਤੇ ਗੈਰ ਹਾਜਰ ਅਧਿਆਪਕਾਂ ਨੂੰ ਦਿੱਤੀ ਗਈ ਅਪਰੂਵਲ ਵਾਪਸ ਲੈਣ (**ਅੰਤਿਕਾ** ਅਨੁਸਾਰ) ਦੀ ਪਰਵਾਨਗੀ ਦਿੱਤੀ ਜਾਂਦੀ ਹੈ।

Dental Chair-cum-RVG Unit ਦੀ ਖ਼ੀਦ ਸਬੰਧੀ ਮੈਡੀਕਲ ਕਮੇਟੀ ਦੀ ਸਿਫਾਰਸ਼ ਦੀ ਪਰਵਾਨਗੀ।

30. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਹੈਲਥ ਸੈਂਟਰ ਵਿਖੇ ਪੁਰਾਣੀ ਡੈਂਟਲ ਚੇਅਰ ਵੱਟੇ ਖਾਤੇ ਪਾਉਣ ਅਤੇ ਇਸ ਦੀ ਥਾਂ buy back scheme ਅਧੀਨ ਨਵੀਂ Dental Chair-cum- RVG Unit ਦੀ ਖ਼ੀਦ ਸਬੰਧੀ ਮੈਡੀਕਲ ਕਮੇਟੀ ਦੀ ਮਿਤੀ 8.4.2011 ਦੀ ਮੱਦ ਨੰ: iii(b) ਅਧੀਨ ਸਿਫਾਰਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।

ਸਾਲ 2009-10 ਅਤੇ 2010-11 ਦੌਰਾਨ CPS Tier-I ਸਕੀਮ ਅਧੀਨ ਕਰਮਚਾਰੀਆਂ ਨੂੰ ਵਿਆਜ ਦੇਣ ਦੀ ਪਰਵਾਨਗੀ।

31. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਮਿਤੀ 1.1.2004 ਤੋਂ ਬਾਅਦ ਨਿਯੁਕਤ ਹੋਏ ਕਰਮਚਾਰੀਆਂ ਨੂੰ CPS Tier-I ਸਕੀਮ ਅਧੀਨ ਵਿੱਤੀ ਸਾਲ 2009-10 ਦੇ 9 ਮਹੀਨਿਆਂ ਦੌਰਾਨ ਉਨ੍ਹਾਂ ਦੇ ਖਾਤੇ ਵਿਚ ਜਮਾਂ ਫੰਡ ਦੀ ਰਾਸ਼ੀ ਤੇ 5.37% ਸਲਾਨਾ ਦਰ ਨਾਲ ਵਿਆਜ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਅ) ਮਿਤੀ 1.1.2004 ਤੋਂ ਬਾਅਦ ਨਿਯੁਕਤ ਹੋਏ ਕਰਮਚਾਰੀਆਂ ਨੂੰ CPS Tier-I ਸਕੀਮ ਅਧੀਨ ਵਿੱਤੀ ਸਾਲ 2010-11 ਦੌਰਾਨ ਉਨ੍ਹਾਂ ਦੇ ਖਾਤੇ ਵਿਚ ਜਮਾਂ ਫੰਡ ਦੀ ਰਾਸ਼ੀ ਤੇ 7.27% ਸਲਾਨਾ ਦਰ ਨਾਲ ਵਿਆਜ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 16.6.2011 ਦੀਆ ਸਿਫ਼ਾਰਸ਼ਾਂ ਦੀ ਸੋਧ ਸਹਿਤ ਪਰਵਾਨਗੀ।

32. ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 16.6.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਉਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 16.6.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਦੇ ਕ੍ਰਮ ਨੰ: I ਅਧੀਨ ਸਿਫਾਰਸ਼ For 'A' Division Inter-College Championships ਅਤੇ For 'B' Division Inter-College Championships ਤੋਂ ਬਿਨਾਂ ਬਾਕੀ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

ਡਾ. ਗੁਰਦੀਪ ਰਾਣੀ ਦੀ ਰਿਜਨਲ ਕੈਂਪਸ, ਜਲੰਧਰ ਵਿਖੇ ਸਹਾਇਕ ਵਾਰਡਨ ਵਜੋਂ ਨਿਯੁਕਤੀ।

33. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਗੁਰਦੀਪ ਰਾਣੀ, ਜੋ ਪਿਛਲੇ ਤਿੰਨ ਸਾਲ ਤੋਂ ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ, ਸੰਗ ਢੇਸੀਆਂ, ਜਲੰਧਰ ਵਿਖੇ ਹਿੰਦੀ ਲੈਕਚਰਾਰ ਅਤੇ ਹੋਸਟਲ ਵਾਰਡਨ ਦੇ ਤੌਰ ਤੇ ਕੰਮ ਕਰ ਰਹੀ ਹੈ, ਨੂੰ ਰਿਜਨਲ ਕੈਂਪਸ ਜਲੰਧਰ ਵਿਖੇ 11 ਮਹੀਨੇ ਲਈ, 11000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਲੜਕੀਆਂ ਦੇ ਹੋਸਟਲ ਵਿਚ ਸਹਾਇਕ ਵਾਰਡਨ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

ਅਮਨਪ੍ਰੀਤ ਸਿੰਘ ਨੂੰ ਐਮ.ਏ. ਅੰਗਰੇਜੀ, ਭਾਗ ਦੂਜਾ ਦੇ ਸਾਰੇ ਵਿਸ਼ਿਆਂ ਦੀ ਸਤੰਬਰ 2011 ਵਿਚ ਪ੍ਰੀਖਿਆ ਦੇਣ ਲਈ ਵਿਸ਼ੇਸ਼ ਪਰਵਾਨਗੀ।

34. ਪ੍ਰਿੰਸੀਪਲ, ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਮਨਪ੍ਰੀਤ ਸਿੰਘ, ਇੰਟਰਨੈਸ਼ਨਲ ਸ਼ੂਟਰ, ਜੋ ISSF World Cup Pistol Shooting 2011 Competition ਵਿਚ ਭਾਗ ਲੈਣ ਕਾਰਣ ਆਪਣੀ ਐਮ.ਏ. ਅੰਗਰੇਜੀ, ਭਾਗ ਦੂਜਾ ਦੇ ਸਾਰੇ ਵਿਸ਼ਿਆਂ ਦੀ ਅਪ੍ਰੈਲ 2011 ਵਿਚ ਪ੍ਰੀਖਿਆ ਨਹੀਂ ਦੇ ਸਕਿਆ, ਨੂੰ ਉਕਤ ਕਲਾਸ ਦੇ ਸਾਰੇ ਵਿਸ਼ਿਆਂ ਦੀ ਪ੍ਰੀਖਿਆ ਦੇਣ ਲਈ ਸਤੰਬਰ 2011 ਵਿਚ ਅਪੀਅਰ ਹੋਣ ਲਈ ਵਿਸ਼ੇਸ਼ ਤੌਰ ਤੇ ਪਰਵਾਨਗੀ ਦਿੱਤੀ ਜਾਂਦੀ ਹੈ।

ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਲੜਕੀਆਂ ਦੇ ਹੋਸਟਲ ਫੰਡ ਵਿਚ ਗਬਨ ਬਾਰੇ ਡਾ. ਸੁਜਾਨ ਸਿੰਘ ਆਦਿ ਵਿਰੁੱਧ ਮੌਜੂਦਾ ਇਨਕੁਆਰੀ ਸਬੰਧੀ।

35. ਸ੍ਰੀ ਅੰਮ੍ਰਿਤਪਾਲ, ਐਡਵੋਕੇਟ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸਟੈਂਡਿੰਗ ਕੌਂਸਲ-ਕਮ-ਲੀਗਲ ਕੰਸਲਟੈਂਟ ਦੀ ਰਾਏ ਨੂੰ ਮੁਖ ਰੱਖਦਿਆਂ ਡਾ. ਸੁਜਾਨ ਸਿੰਘ, ਰੀਡਰ (ਰਿਟਾ.) ਕਾਨੂੰਨ ਵਿਭਾਗ, ਯੂਨੀਵਰਸਿਟੀ ਕੈਂਪਸ, ਗੁਰਦਾਸਪੁਰ ਆਦਿ ਦੇ ਵਿਰੁੱਧ ਮੌਜੂਦਾ ਇਨਕੁਆਰੀ ਕਰਨ ਦੇ 6 ਮਹੀਨੇ ਦੇ ਸਮੇਂ ਨੂੰ ਅੱਗੇ ਵਧਾਉਣ ਵਾਸਤੇ ਮਾਣਯੋਗ ਹਾਈ ਕੋਰਟ ਵਿੱਚ ਅਜੇ ਅਰਜੀ ਨਹੀਂ ਲਗਾਈ ਜਾ ਸਕਦੀ, ਕਿਉਂਕਿ ਮੌਜੂਦਾ ਇਨਕੁਆਰੀ Defective Charge-Sheet ਹੋਣ ਕਾਰਨ Invalid ਹੈ। ਉਨ੍ਹਾਂ ਦੀ Legal opinion ਮਿਤੀ 17.3.2011 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਨਿਮਨਲਿਖਿਤ ਨੁਕਤਿਆਂ ਤੇ ਵਿਚਾਰ ਹੋਈ:-

1. ਡਾ. ਸੁਜਾਨ ਸਿੰਘ ਦੇ ਵਿਰੁੱਧ ਪਹਿਲਾਂ ਜਾਰੀ ਕੀਤੀ ਗਈ Defective Charge-Sheet dated 5.8.2010 (ਕਿਉਂਕਿ ਉਹ ਰਜਿਸਟਰਾਰ ਜੀ ਵੱਲੋਂ Sign ਕੀਤੀ ਗਈ ਸੀ) ਨੂੰ ਵਾਪਸ ਲੈਣ ਲਈ ਅਤੇ ਮੌਜੂਦਾ ਇਨਕੁਆਰੀ ਅਫਸਰ Sh. Gurnam Singh, Addl. Distt. & Session Judge (Retd.), Amritsar ਦੀ ਨਿਯੁਕਤੀ ਰੱਦ ਕਰਨੀ, ਅਤੇ ਡਾ. ਸੁਜਾਨ ਸਿੰਘ ਨੂੰ ਫਿਰ ਤੋਂ Proper ਢੰਗ ਨਾਲ Revised/Fresh Charge-Sheet ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਜਾਰੀ ਕਰਨੀ।

2. ਮਾਣਯੋਗ ਵਾਈਸ-ਚਾਂਸਲਰ ਜੀ ਨੂੰ ਇਸ ਕੇਸ ਬਾਰੇ ਅੱਗੇ ਸਾਰੇ Consequential orders ਪਾਸ ਕਰਨ ਬਾਰੇ ਅਤੇ ਸ੍ਰੀ ਅੰਮ੍ਰਿਤਪਾਲ ਜੀ ਦੀ Legal opinion dated 17.3.2011 ਦੇ ਪੈਰਾ ਨੰਬਰ 1 ਤੋਂ 4 ਮੁਤਾਬਕ ਬਾਕੀ ਬਣਦੇ ਸਾਰੇ ਜਰੂਰੀ Actions ਲੈਣ ਬਾਰੇ ਪੂਰੇ-ਪੂਰੇ ਅਧਿਕਾਰ ਦੇਣੇ।

3. ਕਿਉਂਕਿ ਦੂਜੇ ਦੋ ਸਬੰਧਿਤ ਅਧਿਕਾਰੀ (Sh. Rishi Raj Sharma, Associate Dean Students Welfare ਅਤੇ Smt. Lakhbir Kaur, Assisstant Warden Girls Hostel) G.N.D.U. Regional Campus, Gurdaspur ਦੇ ਲੜਕੀਆਂ ਦੇ ਹੋਸਟਲ ਫੰਡ ਵਿੱਚ ਹੋਏ ਗਬਨ ਸਬੰਧੀ ਡਾ. ਸੁਜਾਨ ਸਿੰਘ ਦੇ ਵਿਰੁੱਧ ਚੱਲ ਰਹੀ ਮੌਜੂਦਾ ਇਨਕੁਆਰੀ ਦੇ ਨਾਲ ਇਨ੍ਹਾਂ ਦੋਵਾਂ ਦੀ ਵੀ Joint Enquiry ਇਕੋ ਹੀ Enquiry Officer ਕਰ ਰਿਹਾ ਹੈ ਅਤੇ ਉਨ੍ਹਾਂ ਦੀਆਂ ਚਾਰਜਸ਼ੀਟਾਂ ਵੀ Defective ਹਨ (ਕਿਉਂਕਿ ਉਹ ਰਜਿਸਟਰਾਰ ਜੀ ਵੱਲੋਂ Sign ਕੀਤੀਆਂ ਗਈਆਂ ਹਨ), ਇਸ ਲਈ ਡਾ. ਸੁਜਾਨ ਸਿੰਘ ਦੇ ਕੇਸ ਵਿਚ ਸਿੰਡੀਕੇਟ ਵੱਲੋਂ ਲਿਆ ਜਾਣ ਵਾਲਾ ਨਿਰਣਾ ਵੀ ਇਨ੍ਹਾਂ ਦੋਵਾਂ (Sh. Rishi Raj Sharma, Associate Dean Students Welfare ਅਤੇ Smt. Lakhbir Kaur, Assisstant Warden Girls Hostel) ਤੇ ਵੀ ਉਪਰੋਕਤ ਪੈਰਾ 1 ਅਤੇ 2 ਅਨੁਸਾਰ ਪੂਰੀ ਤਰ੍ਹਾਂ ਲਾਗੂ ਹੋਵੇਗਾ, ਜਿਸ ਤਰ੍ਹਾਂ ਕਿ ਉਨ੍ਹਾਂ ਨੂੰ ਜਾਰੀ ਕੀਤੀਆਂ ਗਈਆਂ Charge-Sheet ਜੋ ਕਿ Defective ਹੋਣ ਕਾਰਣ ਵਾਪਿਸ ਲਈਆਂ ਜਾਣ ਅਤੇ ਉਨ੍ਹਾਂ ਦੇ ਖਿਲਾਫ Joint Enquiry Officer ਦੀ Appointment ਵੀ ਰੱਦ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਫਿਰ ਤੋਂ Proper ਢੰਗ ਨਾਲ Revised/Fresh Charge-Sheet ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ

ਜਾਰੀ ਕੀਤੀ ਜਾਵੇ ਅਤੇ ਮਾਣਯੋਗ ਵਾਈਸ-ਚਾਂਸਲਰ ਜੀ ਨੂੰ ਇਸ ਕੇਸ ਬਾਰੇ ਅੱਗੇ ਸਾਰੇ Consequential orders ਪਾਸ ਕਰਨ ਬਾਰੇ ਅਤੇ ਸ੍ਰੀ ਅੰਮ੍ਰਿਤਪਾਲ ਜੀ ਦੀ Legal opinion dated 17.3.2011 ਦੇ ਪੈਰਾ ਨੰਬਰ 1 ਤੋਂ 4 ਮੁਤਾਬਕ ਬਾਕੀ ਬਣਦੇ ਸਾਰੇ ਜਰੂਰੀ Actions ਲੈਣ ਬਾਰੇ ਪੂਰੇ-ਪੂਰੇ ਅਧਿਕਾਰ ਦੇਣੇ।

ਕੇਸ ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਅੰਮ੍ਰਿਤਪਾਲ, ਐਡਵੋਕੇਟ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸਟੈਂਡਿੰਗ ਕੌਂਸਲ-ਕਮ-ਲੀਗਲ ਕੰਸਲਟੈਂਟ ਦੀ ਰਾਏ ਨੂੰ ਮੁਖ ਰੱਖਦਿਆਂ ਡਾ. ਸੁਜਾਨ ਸਿੰਘ, ਰੀਡਰ (ਰਿਟਾ.) ਕਾਨੂੰਨ ਵਿਭਾਗ, ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਆਦਿ ਦੇ ਵਿਰੁੱਧ ਮੌਜੂਦਾ ਇਨਕੁਆਰੀ ਕਰਨ ਦੇ 6 ਮਹੀਨੇ ਦੇ ਸਮੇਂ ਨੂੰ ਅੱਗੇ ਵਧਾਉਣ ਵਾਸਤੇ ਮਾਣਯੋਗ ਹਾਈ ਕੋਰਟ ਵਿੱਚ ਅਜੇ ਅਰਜੀ ਨਾ ਲਾਈ ਜਾਵੇ, ਕਿਉਂਕਿ ਮੌਜੂਦਾ ਇਨਕੁਆਰੀ Defective Charge-Sheet ਹੋਣ ਕਾਰਣ Invalid ਹੈ।

ਇਹ ਵੀ **ਪਾਸ ਹੋਇਆ** ਕਿ-

1. ਡਾ. ਸੁਜਾਨ ਸਿੰਘ ਦੇ ਵਿਰੁੱਧ ਪਹਿਲਾਂ ਜਾਰੀ ਕੀਤੀ ਗਈ Defective Charge-Sheet dated 5.8.2010 (ਕਿਉਂਕਿ ਉਹ ਰਜਿਸਟਰਾਰ ਜੀ ਵੱਲੋਂ Sign ਕੀਤੀ ਗਈ ਸੀ, ਆਦਿ) ਵਾਪਸ ਲਈ ਜਾਂਦੀ ਹੈ ਅਤੇ ਮੌਜੂਦਾ ਇਨਕੁਆਰੀ ਅਫਸਰ Sh. Gurnam Singh, Addl. Distt. & Session Judge (Retd.), Amritsar ਦੀ ਨਿਯੁਕਤੀ ਰੱਦ ਕੀਤੀ ਜਾਂਦੀ ਹੈ, ਅਤੇ ਡਾ. ਸੁਜਾਨ ਸਿੰਘ ਨੂੰ ਫਿਰ ਤੋਂ Proper ਢੰਗ ਨਾਲ major penalty ਵਾਸਤੇ Revised/Fresh Charge-Sheet ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਜਾਰੀ ਕੀਤੀ ਜਾਵੇ।

2. ਮਾਣਯੋਗ ਵਾਈਸ-ਚਾਂਸਲਰ ਜੀ ਨੂੰ ਇਸ ਕੇਸ ਬਾਰੇ ਅੱਗੇ ਸਾਰੇ Consequential orders ਪਾਸ ਕਰਨ ਬਾਰੇ ਅਤੇ ਸ੍ਰੀ ਅੰਮ੍ਰਿਤਪਾਲ ਜੀ ਦੀ Legal opinion dated 17.3.2011 ਦੇ ਪੈਰਾ ਨੰਬਰ 1 ਤੋਂ 4 ਮੁਤਾਬਕ ਬਾਕੀ ਬਣਦੇ ਸਾਰੇ ਜਰੂਰੀ Actions ਲੈਣ ਬਾਰੇ ਪੂਰੇ-ਪੂਰੇ ਅਧਿਕਾਰ ਦਿੱਤੇ ਜਾਂਦੇ ਹਨ।

3. ਕਿਉਂਕਿ ਦੂਜੇ ਦੋ ਸਬੰਧਿਤ ਅਧਿਕਾਰੀ (Sh. Rishi Raj Sharma, Associate Dean Students Welfare ਅਤੇ Smt. Lakhbir Kaur, Assisstant Warden Girls Hostel) G.N.D.U. Regional Campus, Gurdaspur ਦੇ ਲੜਕੀਆਂ ਦੇ ਹੋਸਟਲ ਫੰਡ ਵਿੱਚ ਹੋਏ ਗਬਨ ਸਬੰਧੀ ਡਾ. ਸੁਜਾਨ ਸਿੰਘ ਦੇ ਵਿਰੁੱਧ ਚੱਲ ਰਹੀ ਮੌਜੂਦਾ ਇਨਕੁਆਰੀ ਦੇ ਨਾਲ ਇਨ੍ਹਾਂ ਦੋਵਾਂ ਦੀ ਵੀ Joint Enquiry ਇਕੋ ਹੀ Enquiry Officer ਕਰ ਰਿਹਾ ਹੈ ਅਤੇ ਉਨ੍ਹਾਂ ਦੀਆਂ ਚਾਰਜਸ਼ੀਟਾਂ ਵੀ Defective ਹਨ (ਕਿਉਂਕਿ ਉਹ ਰਜਿਸਟਰਾਰ ਜੀ ਵੱਲੋਂ Sign ਕੀਤੀਆਂ ਗਈਆਂ ਹਨ, ਆਦਿ), ਇਸ ਲਈ ਡਾ. ਸੁਜਾਨ ਸਿੰਘ ਦੇ ਕੇਸ ਵਿਚ ਸਿੰਡੀਕੇਟ ਵੱਲੋਂ ਲਿਆ ਗਿਆ ਨਿਰਣਾ ਵੀ ਇਨ੍ਹਾਂ ਦੋਵਾਂ (Sh. Rishi Raj Sharma, Associate Dean Students Welfare ਅਤੇ Smt. Lakhbir Kaur, Assisstant Warden Girls Hostel) ਤੇ ਵੀ ਉਪਰੋਕਤ ਪੈਰਾ 1 ਅਤੇ 2 ਅਨੁਸਾਰ ਪੂਰੀ ਤਰ੍ਹਾਂ ਲਾਗੂ ਹੋਵੇਗਾ, ਜਿਸ ਤਰ੍ਹਾਂ ਕਿ ਉਨ੍ਹਾਂ ਨੂੰ ਜਾਰੀ ਕੀਤੀਆਂ ਗਈਆਂ Charge-Sheet ਜੋ ਕਿ Defective ਹੋਣ ਕਾਰਣ ਵਾਪਿਸ ਲਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਖਿਲਾਫ Joint Enquiry Officer ਦੀ Appointment ਵੀ ਰੱਦ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਫਿਰ ਤੋਂ major penalty ਵਾਸਤੇ Proper ਢੰਗ ਨਾਲ Revised/Fresh Charge-Sheet ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ

ਜਾਰੀ ਕੀਤੀ ਜਾਵੇ ਅਤੇ ਮਾਣਯੋਗ ਵਾਈਸ-ਚਾਂਸਲਰ ਜੀ ਨੂੰ ਇਸ ਕੇਸ ਬਾਰੇ ਅੱਗੇ ਸਾਰੇ Consequential orders ਪਾਸ ਕਰਨ ਬਾਰੇ ਅਤੇ ਸ੍ਰੀ ਅੰਮ੍ਰਿਤਪਾਲ ਜੀ ਦੀ Legal opinion dated 17.3.2011 (**ਅੰਤਿਕਾ** ਅਨੁਸਾਰ) ਦੇ ਪੈਰਾ ਨੰਬਰ 1 ਤੋਂ 4 ਮੁਤਾਬਕ ਬਾਕੀ ਬਣਦੇ ਸਾਰੇ ਜਰੂਰੀ Actions ਲੈਣ ਬਾਰੇ ਪੂਰੇ-ਪੂਰੇ ਅਧਿਕਾਰ ਦਿੱਤੇ ਜਾਂਦੇ ਹਨ।।

ਰਿਜਨਲ ਕੈਂਪਸ ਸਠਿਆਲਾ, ਰਿਜਨਲ ਕੈਂਪਸ ਸੁਲਤਾਨਪੁਰ ਲੋਧੀ ਅਤੇ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਸਬੰਧਤ ਕੋਰਸਾਂ ਦੀ ਫੀਸ/ਫੰਡਜ਼ ਚਾਰਜ ਕਰਨ ਦੀ ਪਰਵਾਨਗੀ।

36. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਰਿਜਨਲ ਕੈਂਪਸ, ਸਠਿਆਲਾ; ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ ਵਿਖੇ ਸੈਸ਼ਨ 2011-12 ਤੋਂ ਸ਼ੁਰੂ ਕੀਤੇ ਜਾ ਰਹੇ ਕੋਰਸਾਂ- B.Tech. (CSE), B.Tech.(ECE), MBA (Two Years), MBA (FYIC) ਅਤੇ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਚਲ ਰਹੇ MCA(TYC) ਕੋਰਸ ਲਈ ਉਹੀ ਫੀਸ/ਫੰਡਜ਼ ਚਾਰਜ ਕੀਤੇ ਜਾਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਜੋ ਸਿੰਡੀਕੇਟ ਦੀ ਇੱਕਤਰਤਾ ਮਿਤੀ 11.3.2011 ਦੇ ਪੈਰਾ 42 ਰਾਹੀਂ ਯੂਨੀਵਰਸਿਟੀ ਕੈਂਪਸ ਅੰਮ੍ਰਿਤਸਰ/ ਯੂਨੀਵਰਸਿਟੀ ਕਾਲਜ, ਜਲੰਧਰ ਲਈ ਪਰਵਾਨ ਕੀਤੇ ਗਏ ਸਨ।

ਸਟੈਂਡਿੰਗ ਕਮੇਟੀ ਦੀਆਂ ਮਿਤੀ 4.5.2011 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਟੈਂਡਿੰਗ ਕਮੇਟੀ ਆਨ ਡਿਸਟੈਂਸ ਐਜੂਕੇਸ਼ਨ ਦੀ ਇੱਕਤਰਤਾ ਮਿਤੀ 4.5.2011 ਦੀ ਮੱਦ ਨੰ: 2 ਅਤੇ 6 ਅਧੀਨ ਹੇਠ ਲਿਖੀਆਂ ਸਿਫਾਰਸ਼ਾਂ ਦੀ ਪਰਵਾਨਗੀ ਦਿੱਤੀ ਹੈ:-

2. a. that the self-instructional materials meant for students of distance education be got prepared from professional agencies. However, before printing, the materials must be got reviewed from competent teachers of the University.

   b. that the committee already constituted for the purpose shall decide about the logistics of selection of the publisher and pricing and distribution of materials.

6. that there will be no edusat fee for distance education students w.e.f 2011-12.

ਸ੍ਰੀ ਅਜੀਤ ਸਿੰਘ, ਮੰਡਲ ਲੇਖਾਕਾਰ, ਉਸਾਰੀ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾ ਨੇ ਸ੍ਰੀ ਅਜੀਤ ਸਿੰਘ, ਮੰਡਲ ਲੇਖਾਕਾਰ, ਉਸਾਰੀ ਵਿਭਾਗ ਦੀ ਕੰਟਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 4.7.2011 ਤੋਂ 3.1.2012 ਤੱਕ ਛੇ ਮਹੀਨੇ ਲਈ ਜਾਂ ਅਸਾਮੀ ਪੱਕੇ ਤੌਰ ਤੇ ਭਰੇ ਜਾਣ ਤੱਕ ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ਤੇ ਵਾਧਾ ਕੀਤਾ ਹੈ। ਉਸਦੀ ਹਾਜਰੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

39. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਚੰਦਰ ਕਾਂਤਾ | Historical Monuments of Kapurthala State (1846-1947) | ਹਿਸਟਰੀ-<br>ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 2. | ਸ਼ਿਖਾ ਸੋਨੀ | Relationship of Self-Confidence, Parental Attitude and Academic Achievement with Intelligence. | ਐਜੂਕੇਸ਼ਨ-<br>ਐਜੂਕੇਸ਼ਨ ਫੈਕਲਟੀ। |

**ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ।**

40. ਹੇਠਾਂ ਦਰਸਾਏ ਅਨੁਸਾਰ ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਅਧਿਆਪਕਾਂ ਦੀ ਤਰੱਕੀ/ ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ:-

**UGC Career Advancement Scheme**

1. Professor, Chemistry — Dr. Sumanjit Kaur, Reader
   Dr. Sukhprit Singh, Reader
   Dr. Manoj Kumar, Reader

**Open Selection**

1. Professor, Music
2. Professor, Centre on Studies in Sri Guru Granth Sahib
3. Associate Professor, Electronics & Communication Engineering, RC, Jalandhar.
4. Asstt. Professor, Chemistry (For University Campus)
5. Asstt. Professor, Chemistry (Bebe Nanki University College, Mithra)
6. Asstt. Professor, Chemistry (Chungh College of Arts, Science & Commerce)
7. Asstt. Professor, Chemistry (Narote Jaimal Singh College of Arts, Science & Commerce)
8. Asstt. Professor, Chemistry (Verka College of Arts, Science & Commerce)
9. Asstt. Professor, Electronics Technology (For University Campus, Amritsar)
10. Asstt. Professor, Electronics & Communication Engineering, RC, Sathiala.

**ਪਾਸ ਹੋਇਆ** ਕਿ ਹੇਠ ਲਿਖੇ ਅਨੁਸਾਰ ਅਧਿਆਪਕਾਂ ਨੂੰ ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਯੋਗ ਹੋਣ ਦੀ ਮਿਤੀ ਤੋਂ ਪ੍ਰਮੋਟ ਕੀਤਾ ਜਾਂਦਾ ਹੈ:-

**UGC Career Advancement Scheme**

1. Professor, Chemistry — Dr. (Mrs.) Sumanjit Kaur, Reader
   Dr. Sukhprit Singh, Reader
   Dr. Manoj Kumar, Reader

**Open Selection**

ਹੇਠ ਲਿਖੀਆਂ ਵੱਖ-ਵੱਖ ਅਸਾਮੀਆਂ ਲਈ ਉਨ੍ਹਾਂ ਅੱਗੇ ਦਰਸਾਏ ਅਨੁਸਾਰ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ:-

| | |
|---|---|
| 1. Professor, Music | Dr. Gurpreet Kaur |
| 2. Professor, Centre on Studies in Sri Guru Granth Sahib | 1. Dr. Balwant Singh Dhillon<br>2. Dr. Darshan Singh Chahil |
| 3. Associate Professor, Electronics & Communication Engineering, RC, Jalandhar. | Dr. Jyoteesh Malhotra |
| 4. Asstt. Professor, Chemistry (For University Campus) | Dr. Prabhpreet Singh S/o Natha Singh is selected for one year but has to appear before selection committee within one year for confirmation (Absentee) |
| 5. Asstt. Professor, Chemistry (Bebe Nanki University College, Mithra) | Dr. Navjot Kaur |
| 6. Asstt. Professor, Chemistry (Chungh College of Arts, Science & Commerce) | Dr. Jatinder Singh Aulakh |
| 7. Asstt. Professor, Electronics Technology (For University Campus, Amritsar) | 1. Mr. Gurpreet Singh<br>2. Ms. Rupendeep Kaur |
| 8. Asstt. Professor, Electronics & Communication Engineering, RC, Sathiala. | 1. Ms. Jaipreet Kaur<br>2. Ms. Sukhdeep Kaur<br>3. Manjit Sandhu |

ਇਹ **ਨੋਟ ਕੀਤਾ** ਕਿ ਨਰੋਟ ਜੈਮਲ ਸਿੰਘ ਕਾਲਜ ਆਫ ਆਰਟਸ ਸਾਇੰਸ ਐਂਡ ਕਮਰਸ ਅਤੇ ਵੇਰਕਾ ਕਾਲਜ ਆਫ ਆਰਟਸ, ਸਾਇੰਸ ਐਂਡ ਕਾਮਰਸ ਵਿਖੇ Asstt. Professor, Chemistry ਦੀ ਅਸਾਮੀ ਲਈ ਚੋਣ ਕਮੇਟੀ ਵੱਲੋਂ ਕਿਸੇ ਵੀ ਵਿਅਕਤੀ ਨੂੰ ਯੋਗ ਨਹੀਂ ਪਾਇਆ ਗਿਆ।

**ਰੈਗੂਲਰ ਅਤੇ ਪ੍ਰਾਈਵੇਟ ਪ੍ਰੀਖਿਆਰਥੀਆਂ ਪਾਸੋਂ ਇੱਕਠੀ ਫੀਸ ਲੈਣ ਦੀ ਪਰਵਾਨਗੀ।**

41. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਹੋਈ ਕਿ ਰੈਗੂਲਰ ਅਤੇ ਪ੍ਰਾਈਵੇਟ ਪ੍ਰੀਖਿਆਰਥੀਆਂ ਪਾਸੋਂ ਲਈ ਜਾਣ ਵਾਲੀ ਪ੍ਰੀਖਿਆ ਫੀਸ ਦੀ ਚੈਕਿੰਗ ਦੇ ਕੰਮ ਵਿਚ ਵਿਸੰਗਤੀਆਂ ਦੂਰ ਕਰਨ ਅਤੇ ਕੰਮ ਵਿਚ ਹੋਰ ਨਿਪੁੰਨਤਾ ਲਿਆਉਣ ਲਈ ਪ੍ਰੀਖਿਆਰਥੀਆਂ ਪਾਸੋ ਸਾਰੀਆਂ ਫੀਸਾਂ ਭਾਵ ਦਾਖਲਾ ਫੀਸ, ਪ੍ਰੈਕਟੀਕਲ ਫੀਸ, ਫਾਰਮ ਦਾ ਮੁੱਲ, ਐਨਰੋਲਮੈਂਟ ਆਦਿ ਅਲੱਗ-ਅਲੱਗ ਫੀਸਾਂ ਲੈਣ ਦੀ ਬਜਾਏ ਇੱਕਠੀ ਇਕੋ ਹੀ ਫੀਸ (**ਅੰਤਿਕਾ** ਅਨੁਸਾਰ) ਲਈ ਜਾਵੇ। ਦਾਖਲਾ ਫਾਰਮ ਦਾ ਮੁੱਲ ਵਿਚੇ ਸ਼ਾਮਲ ਕਰਦਿਆਂ ਹੋਇਆ ਰੈਗੂਲਰ ਅਤੇ ਪ੍ਰਾਈਵੇਟ ਪ੍ਰੀਖਿਆਰਥੀਆਂ ਪਾਸੋਂ ਪ੍ਰਿੰਟਡ ਫਾਰਮਾਂ ਦੀ ਬਜਾਏ online ਦਾਖਲਾ ਫਾਰਮ ਵਸੂਲ ਪਾਏ ਜਾਣ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਉਪਰੋਕਤ ਪ੍ਰਣਾਲੀ ਅਧੀਨ ਸਾਰੇ ਰੈਗੂਲਰ ਅਤੇ ਪ੍ਰਾਈਵੇਟ ਪ੍ਰੀਖਿਆਰਥੀਆਂ ਨੂੰ ਪ੍ਰੀਖਿਆ ਦੇ ਦਾਖਲਾ ਫਾਰਮ ਇੰਟਰਨੈਟ ਰਾਹੀਂ ਲਾਗ-ਇੰਨ ਕਰਕੇ ਪ੍ਰਾਪਤ ਕਰਨੇ ਹੋਣਗੇ ਅਤੇ ਦਾਖਲਾ ਫੀਸ

ਬੈਂਕ ਰਾਹੀਂ ਜਮ੍ਹਾਂ ਕਰਵਾਉਣੀ ਹੋਵੇਗੀ, ਜਿਸ ਲਈ ਬੈਂਕ ਵਿਚ ਵੱਖਰਾ ਖਾਤਾ ਖੋਲਿਆ ਜਾਵੇਗਾ।

**ਪਾਸ ਹੋਇਆ** ਕਿ ਰੈਗੂਲਰ ਅਤੇ ਪ੍ਰਾਈਵੇਟ ਪ੍ਰੀਖਿਆਰਥੀਆਂ ਪਾਸੋਂ ਲਈ ਜਾਣ ਵਾਲੀ ਪ੍ਰੀਖਿਆ ਫੀਸ ਦੀ ਚੈਕਿੰਗ ਦੇ ਕੰਮ ਵਿਚ ਵਿਸੰਗਤੀਆਂ ਦੂਰ ਕਰਨ ਅਤੇ ਕੰਮ ਵਿਚ ਹੋਰ ਨਿਪੁੰਨਤਾ ਲਿਆਉਣ ਲਈ ਪ੍ਰੀਖਿਆਰਥੀਆਂ ਪਾਸੋ ਸਾਰੀਆਂ ਫੀਸਾਂ ਭਾਵ ਦਾਖਲਾ ਫੀਸ, ਪ੍ਰੈਕਟੀਕਲ ਫੀਸ, ਫਾਰਮ ਦਾ ਮੁੱਲ, ਐਨਰੋਲਮੈਂਟ ਆਦਿ ਅਲੱਗ-ਅਲੱਗ ਫੀਸਾਂ ਲੈਣ ਦੀ ਬਜਾਏ ਇੱਕਠੀ ਇਕੋ ਹੀ ਫੀਸ (**ਅੰਤਿਕਾ** ਅਨੁਸਾਰ) ਲੈਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਦਾਖਲਾ ਫਾਰਮ ਦਾ ਮੁੱਲ ਵਿਚੇ ਸ਼ਾਮਲ ਕਰਦਿਆਂ ਹੋਇਆ ਰੈਗੂਲਰ ਅਤੇ ਪ੍ਰਾਈਵੇਟ ਪ੍ਰੀਖਿਆਰਥੀਆਂ ਪਾਸੋਂ ਪ੍ਰਿੰਟਡ ਫਾਰਮਾਂ ਦੀ ਬਜਾਏ online ਦਾਖਲਾ ਫਾਰਮ ਵਸੂਲ ਪਾਏ ਜਾਣ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ

ਸਹੀ/-

(ਅ.ਸ. ਬਰਾੜ)
ਵਾਈਸ-ਚਾਂਸਲਰ